ਨੰਬਰ:- SPL-3 A-2582-G 8/5/19 ਮਿਤੀ:- 24-04-201

ਮੌਕਾ ਵਿਖੇ

PSLG

JDLG
Estt.

ਪ੍ਰਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ,ਪੰਜਾਬ,
ਮਿਊਂਸਪਲ ਭਵਨ, ਸੈਕਟਰ 35 ਏ,
ਚੰਡੀਗੜ੍ਹ।

DLG

13/5

ਵਿਸ਼ਾ:- ਨਗਰ ਕੌਂਸਲ ਸਰਹਿੰਦ ਫਤਿਹਗੜ੍ਹ ਸਾਹਿਬ ਵਿਖੇ ਚੱਲ ਰਹੇ ਸੀਵਰੇਜ ਦੇ ਕੰਮ ਬਾਰੇ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਨਗਰ ਕੌਂਸਲ ਸਰਹਿੰਦ ਫਤਿਹਗੜ੍ਹ ਸਾਹਿਬ ਦਾ ਸਤ ਪ੍ਰਤੀਸ਼ਤ ਸੀਵਰੇਜ ਦਾ ਕੰਮ ਜੂਨ 2016 ਵਿੱਚ ਸ਼ੁਰੂ ਹੋਇਆ ਸੀ ਜੋ ਟੈਂਡਰ ਮੁਤਾਬਿਕ ਦਸੰਬਰ 2017 ਵਿੱਚ ਮੁਕੰਮਲ ਹੋਣਾ ਸੀ ਜਿਸ ਵਿੱਚ ਸਾਰੇ ਸ਼ਹਿਰ ਵਿੱਚ ਸੀਵਰੇਜ ਪਾਉਣ ਉਪਰੰਤ ਸੜਕਾ/ਗਲੀਆ ਵੀ ਬਣਾਉਣੀਆ/ਰਿਪੇਅਰ ਕਰਨ ਦੀ ਵਿਵਸਥਾ ਕੀਤੀ ਗਈ ਸੀ। ਮਿੱਥੇ ਸਮੇ ਤੋਂ ਲਗਭਗ ਇੱਕ ਸਾਲ ਦਾ ਅਰਸਾ ਬੀਤ ਜਾਣ ਤੇ ਵੀ ਅਜੇ ਸੀਵਰੇਜ ਦਾ ਕੰਮ ਮੁਕੰਮਲ ਨਹੀ ਹੋ ਸਕਿਆ ਸਾਰੇ ਸ਼ਹਿਰ ਵਿੱਚ ਸੜਕਾ ਅਤੇ ਗਲੀਆ ਦਾ ਬੁਰਾ ਹਾਲ ਹੈ। ਠੇਕੇਦਾਰ ਆਪਣੀ ਮਨਮਰਜੀ ਕਰਦੇ ਹਨ, ਸ਼ਹਿਰੀ ਲੋਕਾ ਦਾ ਜਿਊਣਾ ਮੁਸ਼ਕਿਲ ਹੋਇਆ ਪਿਆ ਹੈ। ਠੇਕੇਦਾਰ ਵਲੋਂ ਘਟੀਆ ਕੁਆਲਿਟੀ ਦਾ ਮਟੀਰੀਅਲ ਵਰਤਿਆ ਜਾ ਰਿਹਾ ਹੈ ਅਤੇ ਘੱਟ ਮਟੀਰੀਅਲ ਦੀ ਮਿਕਦਾਰ ਵੀ ਪੂਰੀ ਨਹੀ ਹੈ। ਜੋ ਸੀਵਰੇਜ ਦੇ ਮੇਨ ਹੋਲ ਅਤੇ ਘਰਾ ਦੇ ਕੁਨੈਕਸ਼ਨ ਲਈ ਹੋਦੀਆ ਬਣਾਈਆ ਗਈਆ ਹਨ ਉਹ ਵੀ ਸਹੀ ਨਹੀ ਬਣਾਏ ਗਏ। ਗਲੀਆ ਬਨਾਉਣ ਵੇਲੇ ਵੀ ਅਣਗਹਿਲੀ ਵਰਤੀ ਜਾ ਰਹੀ ਹੈ ਲੈਵਲ ਦਾ ਖਿਲਾਲ ਨਹੀ ਰੱਖਿਆ ਜਾ ਰਿਹਾ। ਸੀਵਰੇਜ ਮਹਿਕਮੇ ਦੇ ਅਧਿਕਾਰੀਆ ਨੂੰ ਵਾਰ-ਵਾਰ ਕਹਿਣ ਤੇ ਵੀ ਕੋਈ ਅਸਰ ਨਹੀ ਹੋ ਰਿਹਾ। ਪਤਾ ਨਹੀ ਕਿਉ ਸੀਵਰੇਜ ਮਹਿਕਮੇ ਦੇ ਅਧਿਕਾਰੀ ਮੌਕੇ ਤੇ ਜਾਂਣ ਤੋ ਵੀ ਟਾਲਾ ਵੱਟ ਰਹੇ ਹਨ। ਅਨੇਕਾ ਵਾਰ ਮਹਿਕਮੇ ਦੇ ਅਧਿਕਾਰੀਆ ਨੂੰ ਜੁਬਾਨੀ ਅਤੇ ਲਿਖਤੀ ਬੇਨਤੀ ਕਰਨ ਦੇ ਬਾਵਜੂਦ ਵੀ ਕੋਈ ਅਸਰ ਨਹੀ ਹੋਇਆ। ਅਕਸਰ ਗਲੀਆ ਪੁੱਟ ਕੇ ਮਹੀਨੇਆ ਬੱਧੀ ਜਾਣ ਬੁੱਝ ਕੇ ਕੰਮ ਨਹੀ ਕੀਤਾ ਜਾਦਾ ਜਿਨ੍ਹਾ ਨਾਲ ਆਮ ਪਬਲਿਕ ਨੂੰ ਆਪਣੇ ਘਰ ਆਉਣ ਜਾਣ ਵਿੱਚ ਦਿੱਕਤ ਆ ਰਹੀ ਹੈ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਜੋ ਪੁਰਾਣਾ ਸੀਵਰੇਜ ਚੱਲ ਰਿਹਾ ਹੈ ਉਸ ਦੀ ਰੱਖ ਰਖਾਵ ਵਿੱਚ ਵੀ ਸੀਵਰੇਜ ਮਹਿਕਮੇ ਵਲੋਂ ਅਣਦੇਖੀ ਕੀਤੀ ਜਾ ਰਹੀ ਹੈ। ਮਹੀਨੇਆ ਬੱਧੀ ਸੀਵਰੇਜ ਅਤੇ ਵਾਟਰ ਸਪਲਾਈ ਦੀ ਕੋਈ ਰੁਕਾਵਟ/ਰਿਪੇਅਰ ਲੀਕੇਜ ਨੂੰ ਠੀਕ ਨਹੀ ਕੀਤੀ ਜਾਂਦੀ। ਜਿਸ ਨਾਲ ਆਮ ਲੋਕਾ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਵਾਟਰ ਸਪਲਾਈ ਦੀ ਲੀਕੇਜ ਠੀਕ ਨਾ ਕਰਨ ਦੀ ਵਜਾ ਕਰਕੇ ਕਈ ਲੋਕਾਂ ਦੇ ਮਕਾਨਾ ਵਿੱਚ ਤਰੇੜਾ ਆ ਗਈਅ ਹਨ। ਕਿਸੇ ਵੀ ਸਮੇ ਕੋਈ ਜਾਨੀ ਜਾ ਮਾਨੀ ਨੁਕਸਾਨ ਹੋ ਸਕਦਾ ਹੈ।

ਅਮਲਾ ਸ਼ਾਖਾ
ਡਾਇਰੀ ਨੰ. 5199
ਮਿਤੀ 14/5/19

5913
13/5

ਸੋ ਉਪਰੋਕਤ ਗੱਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਕਿਸੇ ਸ੍ਰਮਰੱਥ ਅਧਿਕਾਰੀ ਨੂੰ ਜਾਚ ਕਰਵਾ ਕੇ ਸੀਵਰੇਜ ਬੋਰਡ ਦੇ ਅਧਿਕਾਰੀਆ ਨੂੰ ਕੰਮ ਠੀਕ ਅਤੇ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਵੇ ਤਾ ਕਿ ਆਮ ਲੋਕਾ ਦੀ ਪ੍ਰੇਸ਼ਾਨੀ ਦੂਰ ਹੋ ਸਕੇ ਅਤੇ ਹੋਣ ਵਾਲੇ ਨੁਕਸਾਨ ਤੋ ਬਚਿਆ ਜਾ ਸਕੇ।

ਧੰਨਵਾਦ ਸਹਿਤ,

ਪ੍ਰਧਾਨ,
ਸ਼ੇਰ ਸਿੰਘ,
ਨਗਰ ਕੌਸਲ,
ਸਰਹਿੰਦ ਫਤਿਹਗੜ੍ਹ ਸਾਹਿਬ।

ਪਿੱ:ਅੰ:ਨੰ: SPL:– 4–6 ਮਿਤੀ: 24.04.2019

ਉਪਰੋਕਤ ਦਾ ਉੱਤਾਰਾ ਨਿਮਨ ਅਨੁਸਾਰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਮਾਨਯੋਗ ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ।
2. ਚੀਫ ਇੰਜੀ. ~~ਐਕਸੀਅਨ~~ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਪੰਜਾਬ,ਪਟਿਆਲਾ।
3. ਨਿਗਰਾਨ ਇੰਜ਼ਨੀਅਰ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਪੰਜਾਬ,ਪਟਿਆਲਾ।

ਨਵੀਂ ਡਾਕ
ਮਿਤੀ 24/5/19 ਇੰਜੀ-ਇੰਜ-ਚੀਫ
ਡੀ.ਪੀ.ਡੀ./ਸਕੱਤਰ/ਮ.ਪ.ਜ.ਅ./
ਜੀ.ਐਮ.(ਐਫ)/ਨਿ.ਇੰ(ਕੁਕੰ)

3974
23/5/19

ਪ੍ਰਧਾਨ,
ਸ਼ੇਰ ਸਿੰਘ,
ਨਗਰ ਕੌਸਲ,
ਸਰਹਿੰਦ ਫਤਿਹਗੜ੍ਹ ਸਾਹਿਬ।

DPD

2816

R.K. Pratap Pl.

ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ
ਮਿਊਸਪਲ ਭਵਨ ਪਲਾਟ ਨੰ:3 ਸੈਕਟਰ, 35 ਏ ਚੰਡੀਗੜ੍ਹ।
(ਅਮਲਾ ਸ਼ਾਖਾ)

30/5/19

( ਅਮਲਾ ਸ਼ਾਖਾ ਨੰ: 3199 ਮਿਤੀ 14-05-2019, ਵਿਸ਼ਾ:- ਨਗਰ ਕੌਂਸਲ ਸਰਹਿੰਦ ਫਤਿਹਗੜ੍ਹ ਸਾਹਿਬ ਵਿਖੇ ਚੱਲ ਰਹੇ ਸੀਵਰੇਜ ਦੇ ਕੰਮ ਬਾਰੇ। ਵਲੋਂ :- ਪ੍ਰਧਾਨ ਸ਼ੇਰ ਸਿੰਘ, ਨਗਰ ਕੌਂਸਲ ਸਰਹਿੰਦ ਫਤਿਹਗੜ੍ਹ ਸਾਹਿਬ।

ਪਿੱਠ ਅੰਕਣ ਨੰ: ਅਸ2 –ਡਸਸ-( ਸਰਹਿੰਦ/55)- 2019 / 22830 ਮਿਤੀ: 21-5-19

ਉਕਤ ਦਾ ਉਤਾਰਾ ਮੁੱਖ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸੈਕਟਰ-27, ਚੰਡੀਗੜ੍ਹ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

(ਸੁਪਰਡੰਟ ਅਮਲਾ)

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ।**

ਪਿੱਠ ਅੰਕਣ ਨੰ: ਪਵਸਸਬ-2019/ਵ-3/ 11394 ਮਿਤੀ: 4/6/19

ਉਪਰੋਕਤ ਪੱਤਰ ਦੀ ਨਕਲ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

4/6/19
ਕਾਰਜਕਾਰੀ ਇੰਜੀਨੀਅਰ (ਵ)

Scanned by CamScanner